ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030219
Available online at: www.armaan.org.in
DOI: https://doi.org/10.64119/armaan.vol.3.issue2.19

# SABHIACHARK DHRATAL 'CHON KHUR RAHE MANVI RISHTYAN DI PESHKARI DA BIRTANAT 'TOWERS'

# ਸਭਿਆਚਾਰਕ ਧਰਾਤਲ 'ਚੋਂ ਖੁਰ ਰਹੇ ਮਾਨਵੀਂ ਰਿਸ਼ਤਿਆਂ ਦੀ ਪੇਸ਼ਕਾਰੀ ਦਾ ਬਿਰਤਾਂਤ 'ਟਾਵਰਜ਼'

ਡਾ. ਮਨਜੀਤ ਕੌਰ (Dr. Manjeet Kaur)

ਅਸਿਸਟੈਂਟ ਪ੍ਰੋਫ਼ੈਸਰ (Assistant Professor)

ਪੰਜਾਬ ਯੂਨੀਵਰਸਿਟੀ ਰਿਜ਼ਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ, (ਪੰਜਾਬ)

Email ID: manjeetmannu07@gmail.com ਮੋਬਾਈਲ: +91-98761-56679

**ਸਾਰ (Abstract)**

ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਟਾਵਰਜ਼' ਮਾਨਵੀਂ ਰਿਸ਼ਤਿਆਂ ਦੀ ਇਬਾਰਤ ਨੂੰ ਵਿਭਿੰਨ ਪੱਖਾਂ ਤੋਂ ਪੇਸ਼ ਕਰਦਾ ਹੈ। ਜਿਸ ਵਿਚ ਖ਼ੂਨ ਨਾਲ ਜੁੜੇ ਰਿਸ਼ਤੇ ਵੀ ਸ਼ਾਮਲ ਹਨ ਅਤੇ ਖ਼ੁਨ ਤੋਂ ਬਾਹਰੀ ਰਿਸ਼ਤੇ ਅਰਥਾਤ ਸਵੈ-ਸਿਰਜਿਤ ਰਿਸ਼ਤੇ ਵੀ ਸ਼ਾਮਲ ਹਨ। ਨਾਲ ਹੀ ਜਰਨੈਲ ਸਿੰਘ ਨੇ ਪਰਵਾਸੀ ਪੰਜਾਬੀ ਲੋਕਾਂ ਦੀ ਵਿਦੇਸ਼ਾਂ ਵਿਚ ਆਰਥਿਕ ਸਥਿਤੀ ਤੋਂ ਪੈਂਦਾ ਹੋਏ ਰਿਸ਼ਤਿਆਂ ਨੂੰ ਵੀ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਇਨ੍ਹਾਂ ਰਿਸ਼ਤਿਆਂ ਵਿਚ ਜਿੱਥੇ ਪੰਜਾਬੀ ਸਮਾਜ ਸਭਿਆਚਾਰ ਵਿਚ ਸ਼ਰੀਕੇਬਾਜ਼ੀ ਦੇ ਰਿਸ਼ਤੇ ਆਪਣਿਆਂ ਨਾਲ ਹੀ ਧੱਕਾ ਜਾਂ ਫਰੇਬ ਕਰਨ ਤੋਂ ਨਹੀਂ ਟਲਦੇ ਉੱਥੇ ਪਰਵਾਸ ਦੌਰਾਨ ਹੋਰ ਸਭਿਆਚਾਰਾਂ ਦੇ ਲੋਕਾਂ ਨਾਲ ਪਾਈ ਗਈ ਆਰਥਿਕ ਸਾਂਝੇਦਾਰੀ ਆਪਸੀ ਆਪਣੇਪਨ ਨੂੰ ਮਜ਼ਬੂਤ ਕਰਦੀ ਹੈ ਅਤੇ ਨਾਲ ਹੀ ਲੇਖਕ ਜੇਮਜ਼ ਵਰਗੇ ਪਾਤਰ ਰਾਹੀਂ ਇਹ ਵੀ ਦਰਸਾਉਂਦਾ ਹੈ ਕਿ ਕਈ ਵਾਰੀ ਕੁਝ ਲੋਕ ਅਜਿਹੇ ਵੀ ਮਿਲ ਜਾਂਦੇ ਹਨ ਜੋ ਮਾਨਵਤਾ ਦੀ ਭਲਾਈ ਲਈ ਆਪਣੇ ਸਰੀਰਕ ਅੰਗ ਵੀ ਦਾਨ ਕਰ ਦਿੰਦੇ ਹਨ। ਕਹਾਣੀਆਂ ਵਿਚ ਇਕ ਮੁਲਕ ਦੇ ਹੋਰ ਮੁਲਕਾਂ ਨਾਲ ਸਬੰਧਾਂ ਨੂੰ ਵੀ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਆਪਣੀ ਹਕੂਮਤ ਨੂੰ ਮਜ਼ਬੂਤ ਕਰਨ ਲਈ ਕਈ ਵਾਰ ਮਨੁੱਖ ਇਨਸਾਨੀਅਤ ਦੇ ਰਿਸ਼ਤੇ ਨੂੰ ਵਿਦੇਸ਼ ਅਤੇ ਸੁਦੇਸ਼ ਦੇ ਸੰਦਰਭ ਵਿਚ ਬਿਲਕੁਲ ਭੁੱਲ ਜਾਂਦਾ ਹੈ। ਟਾਵਰਜ਼ ਕਹਾਣੀ ਸੰਗ੍ਰਹਿ ਪੰਜਾਬੀ ਲੋਕਾਂ ਦੀ ਬਦਲਦੀ ਜੀਵਨ ਜਾਂਚ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਕਿਵੇਂ ਨਵੀਂ ਅਤੇ ਵਿਦੇਸ਼ਾਂ ਦੀ ਜੰਮਪਲ ਨੌਜਵਾਨ ਪੀੜ੍ਹੀ ਆਪਣੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨਾਲੋਂ ਟੁੱਟ ਰਹੀ ਹੈ। ਇਸ ਪੀੜ੍ਹੀ ਵਿਚ ਆਪਣੇ ਤੋਂ ਪਹਿਲੀ ਪੀੜ੍ਹੀ ਦੀ ਤਰ੍ਹਾਂ ਆਪਣੀ ਪਿੱਤਰੀ ਜ਼ਮੀਨ ਜਾਇਦਾਦ ਅਤੇ ਰਿਸ਼ਤਿਆਂ ਪ੍ਰਤੀ ਮੋਹ ਬਹੁਤ ਘੱਟ ਗਿਆ ਹੈ। ਪਰਵਾਸੀ ਜੀਵਨ ਵਿਚ ਜ਼ਿਆਦਾਤਰ ਲੋਕ ਪੂੰਜੀ ਦੀ ਦੌੜ ਵਿਚ ਇਸ ਕਦਰ ਭੱਜ ਰਹੇ ਹਨ ਕਿ ਉਨ੍ਹਾਂ ਕੋਲ ਆਪਣੇ ਰਿਸ਼ਤਿਆਂ ਨੂੰ ਸੰਭਾਲਣ ਅਤੇ ਉਨ੍ਹਾਂ ਨਾਲ ਆਪਣਾਪਨ ਜਤਾਉਣ ਦਾ ਸਮਾਂ ਹੀ ਨਹੀਂ ਹੈ ਜਿਸ ਕਰਕੇ ਸ਼ਮਸ਼ੇਰ ਸਿੰਘ ਵਰਗੇ ਪਾਤਰ ਜੋ ਆਪਣੇ ਪਰਿਵਾਰ ਨੂੰ ਇਕ ਛੱਤ ਹੇਠ ਵੱਸਦੇ ਦੇਖਣਾ ਚਾਹੁੰਦੇ ਹਨ ਅੰਤ ਵਿਦੇਸ਼ਾਂ ਵਿਚ ਬਹੁਤ ਤ੍ਰਾਸਦਿਕ ਸਥਿਤ ਨੂੰ ਹੰਢਾਉਂਦੇ ਨਜ਼ਰ ਆਉਂਦੇ ਹਨ।

***ਕੀਵਰਡ (Keyword): ਮਾਨਵੀਂ ਰਿਸ਼ਤੇ, ਸਭਿਆਚਾਰ, ਕਦਰਾਂ-ਕੀਮਤਾਂ, ਪੂੰਜੀ, ਪਾੜਾ, ਸ਼ਰੀਕੇਬਾਜ਼ੀ, ਮੁਕਾਬਲੇਬਾਜ਼ੀ, ਆਰਥਿਕਤਾ, ਸਮਕਾਲ।***

ਸਾਹਿਤ ਨੂੰ ਸਮਾਜ ਦਾ ਦਰਪਣ ਮੰਨਿਆ ਜਾਂਦਾ ਹੈ। ਜਿਸ ਵਿਚ ਲੇਖਕ ਸਮਾਜ ਦੇ ਵਿਭਿੰਨ ਵਰਤਾਰਿਆਂ ਅਤੇ ਸਮੱਸਿਆਵਾਂ ਦੀ ਪੇਸ਼ਕਾਰੀ ਕਿਸੇ ਵਿਸ਼ੇਸ਼ ਸਾਹਿਤ ਰੂਪਾਕਾਰ ਵਿਚ ਆਪਣੀ ਕਲਪਨਾ ਅਤੇ ਵਿਚਾਰਧਾਰਾ ਦੇ ਰਲਾ ਨਾਲ ਬਹੁਤ ਕਲਾਤਮਕ ਢੰਗ ਨਾਲ ਕਰਦਾ ਹੈ। ਸਾਹਿਤ ਪਾਠਕ ਨੂੰ ਇਤਿਹਾਸਕ ਅਤੇ ਵਰਤਮਾਨ ਸਮਾਜਿਕ ਜੀਵਨ ਧਰਾਤਲ ਦੀਆਂ ਕਈ ਪ੍ਰਸਥਿਤੀਆਂ ਤੋਂ ਜਾਣੂ ਵੀ ਕਰਾਉਂਦਾ ਹੈ। ਕਹਾਣੀਕਾਰ ਜਰਨੈਲ ਸਿੰਘ ਜਿੱਥੇ ਪੰਜਾਬੀ ਸਮਾਜ ਦੀ ਵਿਦੇਸ਼ਾਂ ਵਿਚ ਜੀਵਨ ਸਥਿਤ ਨੂੰ ਵਿਭਿੰਨ ਪੱਖਾਂ ਦੇ ਸੰਦਰਭ ਵਿਚ ਚਿਤਰਦਾ ਹੈ ਉੱਥੇ ਪਰਵਾਸੀ ਪੰਜਾਬੀ ਲੋਕਾਂ ਵਿਚ ਆਪਣੇ ਸਭਿਆਚਾਰ ਪ੍ਰਤੀ ਲਗਾਵ ਅਤੇ ਅਲਗਾਵ ਦੇ ਰਵੱਈਏ ਨੂੰ ਵੀ ਪੇਸ਼ ਕਰਦਾ ਹੈ। ਜਿਸ ਵਿਚ ਜਿੱਥੇ ਪਹਿਲੀ ਪੀੜ੍ਹੀ ਦੇ ਲੋਕ ਆਪਣੇ ਪਿਛੋਕੜ ਨੂੰ ਸੰਭਾਲ ਕੇ ਰੱਖਣ ਦੀ ਗੱਲ ਕਰਦੇ ਹਨ। ਜਿਸ ਵਿਚ ਅੰਦਰੂਨੀ ਸਭਿਆਚਾਰਕ ਰਿਸ਼ਤੇ ਨਾਤਿਆਂ ਪ੍ਰਤੀ ਮੋਹ ਰੱਖਣ, ਪਰੰਪਰਿਕ ਖਾਣ ਪੀਣ ਅਤੇ ਆਦਤਾਂ ਨੂੰ ਅਪਣਾਉਣ, ਪਿਤਾ ਪੁਰਖੀ ਕਦਰਾਂ ਕੀਮਤਾਂ ਸੰਗ ਚੱਲਣ, ਆਪਣੀ ਪੰਜਾਬੀ ਬੋਲੀ ਬੋਲਣ, ਵੱਡਿਆਂ ਦਾ ਸਤਿਕਾਰ ਕਰਨ, ਸੰਯੁਕਤ ਪਰਿਵਾਰ ਵਿਚ ਰਹਿਣ, ਜਾਤ ਬਰਾਦਰੀ ਵਿਚ ਵਿਆਹ ਕਰਨ ਅਤੇ ਆਪਣੇ ਪੁਰਖਿਆਂ ਨਾਲ ਜੁੜੇ ਰਹਿਣ ਵਾਲੀ ਜੀਵਨ ਰਹਿਤਲ ਦੇ ਅੰਤਰਗਤ ਵਿਚਰਨ ਦੀ ਹਾਮੀ ਭਰਦੇ ਹਨ ਉੱਥੇ ਨਵੀਂ ਅਰਥਾਤ ਵਿਦੇਸ਼ੀ ਧਰਤੀ ਦੀ ਜੰਮਪਲ ਅਤੇ ਇਸ ਕਲਚਰ ਵਿਚ ਵੱਡੀ ਹੋਈ ਨੌਜਵਾਨ ਪੀੜ੍ਹੀ ਵਿਦੇਸ਼ੀ ਸਭਿਆਚਾਰ ਦੇ ਰੰਗ ਵਿਚ ਰੰਗੀ

 Received: 17 May 2025 Accepted: 05 June 2025 Published: 13 June 2025

ਹੋਈ ਹੈ ਅਤੇ ਪਰੰਪਰਿਕ ਸਭਿਆਚਾਰ ਪੱਖੋਂ ਤਬਦੀਲੀਆਂ ਨੂੰ ਅਪਣਾਉਣ ਦੀ ਹਮਾਇਤੀ ਹੈ। ਇਹ ਨਵੀਂ ਪੀੜ੍ਹੀ ਆਪਣੀ ਪਹਿਲੀ ਪੀੜ੍ਹੀ ਨੂੰ ਵੀ ਆਪਣਾ ਸੁਭਾਅ ਬਦਲਣ ਦੀ ਹਮਾਇਤ ਕਰਦੀ ਹੈ। ਪਰਵਾਸੀ ਜੀਵਨ ਸਥਿਤੀ ਦੇ ਅਜਿਹੇ ਪੱਖਾਂ ਨੂੰ ਹੀ ਅਸੀਂ ਜਰਨੈਲ ਸਿੰਘ ਦੇ ਕਾਹਣੀ ਸੰਗ੍ਰਹਿ 'ਟਾਵਰਜ਼' ਵਿਚ ਘਟਿਤ ਹੁੰਦਾ ਦੇਖਦੇ ਹਾਂ। ਇਸ ਕਾਹਣੀ ਸੰਗ੍ਰਹਿ ਨੂੰ ਪੜ੍ਹ ਕੇ ਪਾਠਕ ਪੱਛਮੀ ਜੀਵਨ ਵਰਤਾਰੇ ਦੇ ਵਿਭਿੰਨ ਪਹਿਲੂਆਂ ਤੋਂ ਜਾਣੂ ਹੋਣ ਦੇ ਨਾਲ-ਨਾਲ ਪੰਜਾਬੀ ਲੋਕਾਂ ਦੁਆਰਾ ਪਰਵਾਸ ਕੀਤੇ ਜਾਣ ਦੇ ਕਾਰਨਾਂ, ਝੁ-ਹੇਰਵੇ, ਉਨ੍ਹਾਂ ਨੂੰ ਉੱਥੇ ਆ ਰਹੀਆਂ ਸਮੱਸਿਆਵਾਂ, ਉੱਥੋਂ ਦੀ ਜਮਪਲ ਨੌਜਵਾਨ ਪੀੜ੍ਹੀ ਦਾ ਆਪਣੇ ਪਿਛੋਕੜ ਨਾਲੋਂ ਟੁੱਟਣਾ ਅਤੇ ਸਭਿਆਚਾਰਕ ਪਹਿਲੂਆਂ ਤੋਂ ਆ ਰਹੇ ਚੰਗੇ ਮਾੜੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰ ਸਕਦਾ ਹੈ। ਇਸਦੇ ਨਾਲ ਹੀ ਪਰਵਾਸ ਕਰ ਕੇ ਗਏ ਆਪਣਿਆਂ ਦੀਆਂ ਸਿੱਕਾਂ, ਸੱਧਰਾਂ ਅਤੇ ਅਕਾਖਿਆਵਾਂ ਦੇ ਨਾਲ-ਨਾਲ ਇਕ ਲੰਮੇ ਦੌਰ ਪਿੱਛੋਂ ਵਾਪਸ ਆਏ ਪਰਵਾਸੀ ਭਰਾਵਾਂ ਪ੍ਰਤੀ ਆਪਣਿਆਂ ਦੇ ਵਰਤਾਓ ਜਾਂ ਉੱਥੇ ਰਹਿ ਰਹੇ ਰਿਸ਼ਤਿਆਂ ਸਬੰਧੀ ਪਿੱਛੇ ਪੰਜਾਬ ਰਹਿ ਗਏ ਲੋਕਾਂ ਦੇ ਪਰਵਾਸੀਆਂ ਨਾਲ ਸਬੰਧਾਂ ਨੂੰ ਵੀ ਵਿਭਿੰਨ ਪਹਿਲੂਆਂ ਤੋਂ ਚਿਤਰਿਆ ਗਿਆ ਹੈ। ਸਧਾਰਨ ਰੂਪ ਵਿਚ ਪਰਵਾਸ ਦੇ ਸੰਕਲਪ ਨੂੰ ਸਮਝਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪਰਵਾਸ ਕਿਸੇ ਵਿਅਕਤੀ ਵਿਸ਼ੇਸ਼ ਦੁਆਰਾ ਆਪਣੀ ਜਨਮ ਭੂਮੀ ਨੂੰ ਛੱਡ ਕੇ ਹੋਰ ਮੁਲਕਾਂ ਵਿਚ ਵਿਚਰਨ ਦੀ ਜੀਵਨ ਸਥਿਤੀ 'ਪਰਵਾਸ' ਹੈ। ਇਹ ਪਰਵਾਸ ਜ਼ਿਆਦਾਤਰ ਆਰਥਿਕ ਮਜ਼ਬੂਰੀਆਂ ਦੀ ਉਪਜ ਹੁੰਦਾ ਹੈ। ਜਰਨੈਲ ਸਿੰਘ ਦੇ ਕਾਹਣੀ ਸੰਗ੍ਰੀਹ ਦੇ ਪਾਤਰ ਵੀ ਆਰਥਿਕ ਮਜ਼ਬੂਰੀਆਂ ਵੱਸ ਹੀ ਪਰਵਾਸ ਵਰਗੀ ਜੀਵਨ ਸਥਿਤੀ ਵਿਚ ਵਿਚਰਦੇ ਦਿਖਾਈ ਦਿੰਦੇ ਹਨ। ਜਿਵੇਂ ਸੜਕਾਂ ਕਹਾਣੀ ਦਾ ਪਾਤਰ ਅਜੀਤ ਸਿੰਘ ਭਰਾ ਵੱਲੋਂ ਟਰੱਕਾਂ ਦਾ ਬਣਦਾ ਹਿੱਸਾ ਨਾ ਦਿੱਤੇ ਜਾਣ ਦੇ ਆਰਥਿਕ ਗਮ ਕਾਰਨ ਪਰਵਾਸ ਕਰਦਾ ਹੈ।

*"ਭਰਾ ਦਾ ਕਾਰੋਬਾਰ ਵਧਾਉਣ ਲਈ ਉਸਨੇ ਦਿਨ ਰਾਤ ਇੱਕ ਕਰ ਦਿੱਤਾ। ... ਪੰਜ ਕੁ ਸਾਲਾਂ 'ਚ ਹੀ ਰਤਨ ਸਿੰਘ ਦੇ ਟਰੱਕਾਂ ਦੀ ਗਿਣਤੀ ਦੋ ਤੋਂ ਛੇ ਹੋ ਗਈ। ਅਜੀਤ ਨੂੰ ਆਸ ਸੀ ਕਿ 'ਹੁੰਦਲ ਟਰਾਂਸਪੋਰਟ ਕੰਪਨੀ' ਦੇ ਟਰੱਕਾਂ ਉੱਤੇ ਭਰਾ ਦੇ ਨਾਂ ਨਾਲ, ਇੱਕ ਦਿਨ ਉਸਦਾ ਨਾਂ ਵੀ ਹੋਵੇਗਾ। ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ, ਤਿਉਂ-ਤਿਉਂ ਉਸਦੀ ਇਹ ਆਸ ਮੱਧਮ ਪੈਂਦੀ ਗਈ। ਉਸਨੇ ਭਰਾ ਨੂੰ ਕਈ ਵਾਰ ਕਿਹਾ ਕਿ ਕੰਪਨੀ ਵਿੱਚ ਉਹ ਉਸਦਾ ਜੇ ਬਹੁਤਾ ਨਹੀਂ ਤਾਂ ਥੋੜ੍ਹਾ ਕੁ ਹਿੱਸਾ ਹੀ ਰੱਖ ਲਵੇ।*

*ਰਤਨ ਸਿੰਘ "ਕੋਈ ਨਹੀਂ, ਦੇਖਦੇ ਆਂ।" ਕਹਿ ਕੇ ਸਾਰ ਦਿੰਦਾ। ਆਖਰ ਅਜੀਤ ਦਾ ਸਬਰ ਜਵਾਬ ਦੇ ਗਿਆ...ਭਰਾਵਾਂ ਵਿਚ ਖ਼ੂਨ-ਖਰਾਬਾ ਹੁੰਦਾ-ਹੁੰਦਾ ਬਚਿਆ। ਮਾਂ-ਪਿਉ ਵੀ ਟਰਾਂਸਪੋਰਟਰ ਪੁੱਤ ਦੀ ਹਾਂ ਵਿੱਚ ਹਾਂ ਮਿਲਾ ਰਹੇ ਸਨ। ਹਰਖੇ ਹੋਏ ਅਜੀਤ ਨੇ ਆਪਣੇ ਹਿੱਸੇ ਦੀ ਜ਼ਮੀਨ ਗਹਿਣੇ ਕੀਤੀ... ਤੇ ਕਨੇਡਾ ਪਹੁੰਚ ਗਿਆ।"*[3]

ਇਸ ਤਰ੍ਹਾਂ ਅਜੀਤ ਸਿੰਘ ਆਪਣੇ ਸੁਪਿਨਆ ਦੀ ਪੂਰਤੀ ਲਈ ਪਰਵਾਸੀ ਜੀਵਨ ਨੂੰ ਅਪਣਾਉਣ ਲਈ ਮਜ਼ਬੂਰ ਹੁੰਦਾ ਹੈ ਅਤੇ ਸਖ਼ਤ ਮਿਹਨਤ ਸਦਕਾ ਵਿਦੇਸ਼ ਵਿਚ ਆਪਣੇ ਕਾਰੋਬਾਰ ਨੂੰ ਮਜ਼ਬੂਤ ਕਰਦਾ ਹੈ।

ਪਰਵਾਸੀ ਜੀਵਨ ਸਥਿਤੀ ਦੀ ਇਕ ਤ੍ਰਾਸਦੀ ਇਹ ਵੀ ਹੈ ਕਿ ਕਈ ਪੱਖਾਂ ਤੋਂ ਪਰਵਾਸੀ ਇਨਸਾਨ ਨੂੰ ਸਬੰਧਤ ਮੁਲਕ ਦੇ ਸਮਾਜਿਕ, ਆਰਥਿਕ, ਰਾਜਸੀ, ਧਾਰਮਿਕ ਅਤੇ ਸਭਿਆਚਾਰਕ ਵਰਾਤਰੇ ਨੂੰ ਅਪਣਾਉਣਾ ਇਕ ਮਜ਼ਬੂਰੀ ਜਿਹੀ ਵੀ ਬਣ ਜਾਂਦਾ ਹੈ। ਪਰੰਤੂ ਨਾਲ ਹੀ ਕਿਸੇ ਪਾਤਰ ਦਾ ਸਬੰਧਤ ਮੁਲਕ ਦੀ ਜੀਵਨ ਜਾਂਚ ਵਿਚ ਪੂਰੀ ਤਰ੍ਹਾਂ ਢਲਣਾ ਉਸਦੀ ਪਿੱਤਰੀ ਹੋਂਦ ਨੂੰ ਖਤਰੇ ਵਿਚ ਵੀ ਪਾ ਦਿੰਦਾ ਹੈ ਜਿਵੇਂ ਗੁਆਚੇ ਲੋਕ, ਸੜਕਾਂ ਅਤੇ ਪਾਣੀ ਕਹਾਣੀ ਵਿਚ ਵਾਪਰਦਾ ਵੇਖਦੇ ਹਾਂ। ਇਸ ਵਿਚ ਪਹਿਲੀ ਪੀੜ੍ਹੀ ਅੰਦਰ ਉਥੋਂ ਦੀ ਜੰਮਪਲ ਨੌਜਵਾਨ ਪੀੜ੍ਹੀ ਦੁਆਰਾ ਆਪਣੀ ਭਾਈਚਾਰਕ ਵਿਰਾਸਤ ਨੂੰ ਭੁਲਾਏ ਜਾਣ ਅਤੇ ਮੂਲ ਪਛਾਣ ਦੇ ਖ਼ਤਮ ਹੋਣ ਦਾ ਡਰ ਨਿਰੰਤਰ ਦਿਖਾਈ ਦਿੰਦਾ ਹੈ। ਮਾਨਵੀਂ ਰਿਸ਼ਤਿਆਂ ਦੇ ਪੱਖ ਤੋਂ ਲਿੰਗਕ ਖੁੱਲ੍ਹਾਂ ਨੂੰ ਵੀ ਕਹਾਣੀਕਾਰ ਨੇ ਚਿਤਰਿਆ ਹੈ ਪਰੰਤੂ ਇਸ ਸੰਦਰਭ ਵਿਚ ਲੇਖਕ ਨੇ ਪੰਜਾਬੀ ਪਾਤਰਾਂ ਦੀ ਉਸਾਰੀ ਉਸ ਤਰ੍ਹਾਂ ਖੁੱਲ੍ਹ ਕੇ ਨਹੀਂ ਕੀਤੀ ਜਿਵੇਂ ਅੰਗਰੇਜ਼ੀ ਜਾਂ ਹੋਰ ਪਾਤਰਾਂ ਦੀ ਕੀਤੀ ਹੈ। ਇਸ ਸਥਿਤੀ ਦੇ ਅੰਤਰਗਤ 'ਬਰਫ਼ ਤੇ ਦਰਿਆ' ਕਹਾਣੀ ਵਿਚ ਅੰਗਰੇਜ਼ੀ ਪਾਤਰ ਹੀ ਲਏ ਗਏ ਹਨ। ਇੰਜ ਲੱਗਦਾ ਹੈ ਕਿ ਲੇਖਕ ਇਸ ਗੱਲ ਤੋਂ ਕਾਫੀ ਸੁਚੇਤ ਹੈ ਕਿ ਪੰਜਾਬੀ ਪਾਤਰਾਂ ਦੀ ਅਜਿਹੀ ਜੀਵਨ ਸਥਿਤੀ ਸਧਾਰਨ ਰੂਪ ਵਿਚ ਚਿਤਰਨੀ ਕਾਫ਼ੀ ਮੁਸ਼ਕਿਲ ਹੈ। ਜਿਣਸੀ ਖੁੱਲ੍ਹਾਂ ਦੇ ਪੱਖ ਤੋਂ ਸਿਰਫ਼ 'ਗੁਆਚੇ ਲੋਕ' ਕਹਾਣੀ ਥੋੜ੍ਹੀ ਜਿਹੀ ਖੁੱਲ੍ਹ ਲੈਂਦੀ ਹੈ ਉਹ ਵੀ ਸਿਰਫ਼ ਉਦੋਂ ਜਦੋਂ ਸਾਰਾ ਪਰਿਵਾਰ ਸ਼ਮਸ਼ੇਰ ਸਿੰਘ ਨਾਂ ਦੇ ਪਾਤਰ ਤੋਂ ਦੂਰ ਹੋ ਜਾਂਦਾ ਹੈ। ਇਸ ਪਿੱਛੇ ਕਿਤੇ ਨਾ ਕਿਤੇ ਲੇਖਕ ਦੇ ਪੰਜਾਬੀ ਸੰਸਕ੍ਰਿਤੀ ਨਾਲ ਗੂੜ੍ਹੇ ਰੂਪ ਵਿਚ ਜੁੜੇ ਰਹਿਣ ਅਤੇ ਅਵਚੇਤਨ ਵਿਚ ਪਏ ਸਭਿਆਚਾਰਕ ਸੰਸਕਾਰਾਂ ਦੀ ਪ੍ਰਵਿਰਤੀ ਕਾਰਜਸ਼ੀਲ ਨਜ਼ਰ ਆਉਂਦੀ ਹੈ।

ਪਿਤਾ-ਪੁਰਖੀ ਮੋਹ ਦੀਆਂ ਤੰਦਾਂ ਔਰਤ ਦੇ ਮਨ ਵਿਚੋਂ ਕਦੇ ਵੀ ਖ਼ਤਮ ਨਹੀਂ ਹੁੰਦੀਆ। ਉਹ ਆਪਣੀਆਂ ਅਤੀਤੀ ਯਾਦਾਂ ਅਤੇ ਰਿਸ਼ਤਿਆਂ ਨਾਲ ਹਮੇਸ਼ਾਂ ਜੁੜੇ ਰਹਿਣ ਦੀ ਇੱਛਾ ਰੱਖਦੀ ਹੈ। ਜਿਵੇਂ 'ਪਾਣੀ' ਕਹਾਣੀ ਵਿਚ ਸੁਖਜੀਤ ਆਪਣੇ ਪਿਤਾ ਪੁਰਖੀ ਘਰ-ਪਰਿਵਾਰ ਦੀਆਂ ਯਾਦਾਂ ਨਾਲ ਚਾਚੇ ਦੇ ਮਾਧਿਅਮ

ਰਾਹੀਂ ਜੁੜੇ ਰਹਿਣਾ ਚਾਹੁੰਦੀ ਹੈ। ਇਸਦੇ ਨਾਲ ਹੀ ਇੱਥੇ ਇਹ ਵੀ ਵਿਚਾਰਨਯੋਗ ਹੈ ਕਿ ਮਨੁੱਖ ਵਿਚ ਖ਼ੂਨ ਦੇ ਰਿਸ਼ਤਿਆਂ ਦੀ ਸਾਂਝਦਾਰੀ ਦੀ ਥਾਂ ਹੋਰ ਕੋਈ ਰਿਸ਼ਤੇ ਨਹੀਂ ਲੈ ਸਕਦੇ ਜਿਵੇਂ ਚਾਹੇ ਅਵਚੇਤਨ ਵਿਚ ਹੀ ਸਹੀ ਜਦੋਂ ਭੂਪੀ ਸੁਖਜੀਤ ਨੂੰ ਜਮੀਨ ਦੇ ਮੁਖਤਿਆਰਨਾਮੇ ਦੀ ਗੱਲ ਕਰਦਾ ਹੈ ਤਾਂ ਉਸਦੇ ਮਨ ਨੂੰ ਭਾਰੀ ਠੇਸ ਪਹੁੰਚਦੀ ਹੈ ਕਿ ਉਹ ਤਾਂ ਆਪਣੇ ਨੂੰਹ ਪੁੱਤਰ ਲਈ ਜ਼ਮੀਨ ਨਹੀਂ ਵੇਚ ਰਹੀ ਤਾਂ ਉਹ (ਭੂਪੀ) ਉਸਨੂੰ ਕਿਸ ਤਰ੍ਹਾਂ ਜ਼ਮੀਨ ਦੇ ਮੁਖ਼ਤਿਆਰਨਾਮੇ ਦੀ ਗੱਲ ਕਰ ਰਿਹਾ ਹੈ। ਕਿਤੇ ਨਾ ਕਿਤੇ ਉਸਦੇ ਅਵਚੇਤਨ ਵਿਚ ਇਸ ਤਰ੍ਹਾਂ ਜ਼ਮੀਨ ਦਾ ਖੁਸਣਾ ਉਸਨੂੰ ਆਪਣੇ ਸਕੇ ਰਿਸ਼ਤਿਆਂ ਦੀ ਜ਼ਮੀਰ ਵਿਚੋਂ ਪਾਣੀ ਮੁੱਕਣ ਜਿਹਾ ਲੱਗਦਾ ਹੈ। ਲੇਖਕ ਪੀੜ੍ਹੀ ਪਾੜੇ ਦੀ ਸਮੱਸਿਆ ਨੂੰ ਪੰਜਾਬੀ ਅਤੇ ਪਰਵਾਸੀ ਪੰਜਾਬੀ ਸਭਿਆਚਾਰਾਂ ਵਿਚ ਪ੍ਰਤੀਬਿੰਬਤ ਕਰਦਾ ਹੈ। ਇਸ ਪੱਖ ਤੋਂ ਸੁਖਜੀਤ ਦੇ ਪੁੱਤਰ ਅਤੇ ਚਾਚੇ ਦੇ ਪੁੱਤਰ ਭੂਪੀ, ਅਜੀਤ ਦੇ ਪੁੱਤਰ ਅਤੇ ਸ਼ਮਸ਼ੇਰ ਦੇ ਪੁੱਤਰਾਂ ਦੀ ਸਥਿਤੀ ਨੂੰ ਹਵਾਲੇ ਵਜੋਂ ਲਿਆ ਜਾ ਸਕਦਾ ਹੈ। ਮਾਨਵੀਂ ਰਿਸ਼ਤਿਆਂ ਵਿਚ ਮੋਹ ਪਿਆਰ ਅਤੇ ਆਪਣੇਪਨ ਦੀਆਂ ਤੰਦਾਂ ਜਿੰਨੀਆ ਪੱਕੀਆ ਪਹਿਲਾਂ ਸਨ ਉਹ ਨਵੀਂ ਪੀੜ੍ਹੀ ਵਿਚ ਦਿਖਾਈ ਨਹੀਂ ਦਿੰਦੀਆਂ।

'ਪਾਣੀ', 'ਗੁਆਚੇ ਲੋਕ' ਅਤੇ 'ਸੜਕਾਂ' ਕਹਾਣੀਆਂ ਵਿਚ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਨੂੰ ਚਿਤਰਿਆ ਗਿਆ ਹੈ। ਜਿਸ ਵਿਚ ਭੂ-ਹੇਰਵਾ, ਪੀੜ੍ਹੀ ਪਾੜਾ, ਰਿਸ਼ਤਿਆਂ ਵਿਚ ਆਪਣੇਪਨ ਦੀ ਘਾਟ ਅਤੇ ਆਰਥਿਕ ਪਹਿਲੂ ਸ਼ਾਮਲ ਹਨ। ਇਸਦੇ ਨਾਲ ਹੀ ਇਨ੍ਹਾਂ ਕਹਾਣੀਆਂ ਵਿਚ ਪਹਿਲੀ ਪੀੜ੍ਹੀ ਦੁਆਰਾ ਆਪਣੀ ਸਭਿਆਚਾਰਕ ਪਰੰਪਰਾ ਨਾਲੋਂ ਟੁੱਟਣ ਪ੍ਰਤੀ ਚਿੰਤਾ ਦਾ ਰਵੱਈਆ ਵੀ ਝਲਕਦਾ ਹੈ। ਜਦਕਿ ਨਵੀਂ ਵਿਦੇਸ਼ਾਂ ਵਿਚ ਪੜ੍ਹੀ ਲਿਖੀ ਪੀੜ੍ਹੀ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਬੱਝ ਕੇ ਨਹੀਂ ਰਹਿਣਾ ਚਾਹੁੰਦੀ।

> *"ਔਲਾਦ ਸ਼ਬਦ ਉਸਦੇ ਮਨ ਅੰਦਰ ਕੁੜੱਤਣ ਜਿਹੀ ਘੋਲ਼ ਗਿਆ। ਤੇ ਜਿਉਂ ਹੀ ਹੁਣੇ-ਹੁਣੇ ਸੁਣੇ ਹਸਪਤਾਲ ਦੇ 'ਟਰਾਂਸਪਲਾਂਟ ਸੈਂਟਰ' ਦੇ ਫ਼ੋਨ ਦਾ ਆਖਰੀ ਵਾਕ, "ਮਿਸਟਰ ਗਿੱਲ! ਤੂੰ ਇਹ ਖ਼ੁਸ਼ਖ਼ਬਰੀ ਆਪਣੇ ਟੱਬਰ ਨਾਲ ਸਾਂਝੀ ਕਰ ਸਕਦੈਂ", ਉਸਦੀ ਸੋਚ ਵਿੱਚ ਘੁੰਮਿਆਂ, ਉਸ ਅੰਦਰਲੀ ਕੁੜੱਤਣ ਅਤਿ ਸੰਘਣੇ ਗੁਬਾਰ ਦਾ ਰੂਪ ਧਾਰਨ ਕਰ ਗਈ। "ਕਿਹੜਾ ਟੱਬਰ?" ਉਹ ਚਿੱਲਾਇਆ। ਅਗਲੇ ਪਲ ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਸੁੰਨ-ਪਸਰੇ ਬੇਸਮੈਂਟ ਦੀਆਂ ਕੰਧਾਂ, ਆਪਣਿਆਂ ਵਾਂਗ, ਉਸਦੇ ਕੋਲ ਨੂੰ ਸਰਕ ਆਈਆਂ ਹੋਣ ਤੇ ਮਖੌਲ 'ਚ ਪੁੱਛ ਰਹੀਆਂ ਹੋਣ, 'ਕਿਸ ਤੋਂ ਖ਼ਫ਼ਾ ਹੋ ਰਿਹੈਂ?'... "*[2]

ਬਿਮਾਰੀ ਦੀ ਸਥਿਤੀ ਵਿਚ ਵੀ ਜਦੋਂ ਮਨੁੱਖ ਨੂੰ ਆਪਣਿਆਂ ਦਾ ਸਾਥ ਨਹੀਂ ਮਿਲਦਾ ਤਾਂ ਅਜਿਹੀ ਸਥਿਤੀ ਮਾਨਵੀ ਆਪੇ ਨੂੰ ਹੀ ਪ੍ਰਸ਼ਨਾਂ ਦੇ ਘੇਰੇ ਵਿਚ ਖੜੀ ਕਰ ਦਿੰਦੀ ਹੈ ਕਿ ਉਸਨੇ ਆਪਣਿਆਂ ਲਈ ਸਾਰੀ ਉਮਰ ਕਿਰਤ ਕਰਕੇ ਸਾਂਝ ਬਣਾ ਕੇ ਰੱਖੀ ਹੁੰਦੀ ਹੈ ਪਰ ਜਦੋਂ ਬੱਚੇ ਆਪਣੇ ਪੈਰਾਂ ਸਿਰ ਹੋ ਜਾਂਦੇ ਹਨ ਤਾਂ ਮਾਪਿਆਂ ਨੂੰ ਵੀ ਨਹੀਂ ਸਿਆਣਦੇ।

ਸਭਿਆਚਾਰਕ ਪੱਖ ਤੋਂ ਕਦੇ ਕਿਹਾ ਜਾਂਦਾ ਸੀ ਕਿ ਪੰਜਾਬੀ ਲੋਕਾਂ ਦਾ ਸੁਭਾਅ ਹੈ ਖਾਓ ਪੀਓ ਐਸ਼ ਕਰੋ। ਇਸ ਨੂੰ ਪੰਜਾਬੀ ਸਮਾਜ ਦੀ ਵਿਲੱਖਣਤਾ ਦਾ ਆਧਾਰ ਵੀ ਮੰਨਿਆ ਜਾਂਦਾ ਸੀ। ਪਰੰਤੂ ਪਰਵਾਸੀ ਜੀਵਨ ਧਰਾਤਲ ਵਿਚ ਪਏ ਪੰਜਾਬੀ ਲੋਕਾਂ ਦੀ ਜੀਵਨ ਧਾਰਾ ਇਸ ਪੱਖ ਤੋਂ ਕਾਫ਼ੀ ਚਿੰਤਾਤੁਰ ਹੈ ਕਿਉਂਕਿ ਵਿਦੇਸ਼ਾਂ ਵਿਚ ਵੱਸਦੇ ਲੋਕ ਆਰਥਿਕ ਪੱਖੋਂ ਮਜ਼ਬੂਤੀ ਪ੍ਰਾਪਤ ਕਰਨ ਲਈ ਡਬਲ ਸ਼ਿਫਟਾਂ ਵਿਚ ਕੰਮ ਕਰਨ ਦੇ ਨਾਲ-ਨਾਲ ਪੈਸਾ ਬਚਾ ਕੇ ਰੱਖਣ ਦੀ ਵੀ ਲਾਲਸਾ ਰੱਖਦੇ ਹਨ। ਕਿਉਂਕਿ ਜ਼ਮੀਨਾਂ ਜਾਇਦਾਦਾਂ ਦੇ ਵਾਰਿਸ ਪੰਜਾਬੀਆਂ ਲਈ ਵਿਦੇਸ਼ੀ ਧਰਤੀ ਤੇ ਜਾ ਕੇ ਆਪਣਾ ਘਰ ਬਣਾਉਣਾ ਵੀ ਮੁਸ਼ੀਕਲ ਹੋਇਆ ਹੋਇਆ ਹੈ ਅਤੇ ਉਹ ਕਿਰਾਏ ਦੇ ਘਰਾਂ ਵਿਚ ਰਹੇ ਰਹਿ ਹਨ। ਜਿਸ ਕਰਕੇ ਇਹ ਲੋਕ ਮੁਸ਼ਕਿਲਾਂ ਵਿਚ ਰਹਿ ਕੇ ਆਪਣਾ ਘਰ ਬਣਾਉਣ ਦੀ ਲਾਲਸਾ ਨਾਲ ਵੀ ਗ੍ਰਸੇ ਹੋਏ ਹਨ। ਪੰਜਾਬੀ ਲੋਕਾਂ ਦਾ ਇਹ ਵਤੀਰਾ ਪੰਜਾਬੀ ਸਭਿਆਚਾਰਕ ਜੀਵਨ ਜਾਂਚ ਦਾ ਹੀ ਰੂਪ ਹੈ। ਜਿੱਥੇ ਪੱਛਮੀ ਕਲਚਰ ਦੇ ਲੋਕ ਜ਼ਿੰਦਗੀ ਦਾ ਲੁਤਫ਼ ਲੈਣ ਵਿਚ ਯਕੀਨ ਕਰਦੇ ਹਨ। ਇਸੇ ਤਰ੍ਹਾਂ ਪੰਜਾਬੀ ਲੋਕਾਂ ਵਿਚ ਧਾਰਮਿਕ ਅਤੇ ਸਦਾਚਾਰਕ ਪੱਖ ਤੋਂ ਦੂਜੇ ਦੀ ਭਲਾਈ ਕਰਨ ਦੀ ਭਾਵਨਾ 'ਗੁਆਚੇ ਲੋਕ' ਕਹਾਣੀ ਦੇ ਸੰਦਰਭ ਵਿਚ ਫਿੱਕੀ ਪੈ ਜਾਂਦੀ ਹੈ। ਜਦੋਂ ਸ਼ਮਸ਼ੇਰ ਸਿੰਘ ਲੀਵਰ ਦੀ ਬਿਮਾਰੀ ਦਾ ਮਾਰਿਆ ਇਕੱਲਾ ਹੀ ਰਹਿ ਜਾਂਦਾ ਹੈ ਅਤੇ ਉਸਦੇ ਪੁੱਤਰ ਅਤੇ ਪਤਨੀ ਉਸਦਾ ਹਾਲ ਪੁੱਛਣ ਦੀ ਖੇਚਲ ਨਹੀਂ ਕਰਦੇ।

> *"ਤੇਰੇ ਦਿਮਾਗ 'ਚ, ਪੁੱਤ ਨੂੰ ਮੈਂਬਰ ਪਾਰਲੀਮੈਂਟ ਬਣਿਆ ਦੇਖਣ ਦਾ ਫ਼ਤੂਰ ਏਨਾ ਭਾਰੂ ਐ ਕਿ ਤੈਨੂੰ ਤਾਂ ਇਹ ਵੀ ਫਿਕਰ ਨਹੀਂ ਕਿ ਤੇਰਾ ਆਦਮੀ ਮਰਨ ਕਿਨਾਰੇ ਪਿਐ।" ਸ਼ਮਸ਼ੇਰ ਸਿੰਘ ਦੇ ਬੋਲਾਂ ਵਿਚ ਰੋਹ ਵੀ ਸੀ ਤੇ ਗਿੜਗਿੜਾਹਟ ਵੀ।*[3]

ਪਰੰਤੂ ਦੂਸਰੇ ਪਾਸੇ ਵਿਦੇਸ਼ੀ ਲੋਕਾਂ ਵਿਚ ਮਾਨਵ ਭਲਾਈ ਦੀ ਭਾਵਨਾ ਵੀ ਦਿਖਾਈ ਗਈ ਹੈ। ਇਸ ਹਵਾਲੇ ਨਾਲ ਅਸੀ 'ਗੁਆਚੇ ਲੋਕ' ਅਤੇ 'ਸੜਕਾਂ' ਕਹਾਣੀ ਦੀਆਂ ਪ੍ਰਸਥਿਤੀਆਂ ਨੂੰ ਵਿਚਾਰ ਸਕਦੇ ਹਾਂ।

> *"ਟਰਾਂਟੋ ਵਾਲੇ ਤੇ ਏਥੋਂ ਦੇ ਚਿਲਡਰਨ ਕੇਅਰ ਸੈਂਟਰਾਂ ਦੇ ਬੱਚੇ ਅਤੇ ਜੇਮਜ਼ ਦੇ ਸੰਗੀ-ਸਾਥੀ ਉਸਨੂੰ ਯਾਦ ਕਰ-ਕਰ ਹੰਝੂ ਵਹਾ ਰਹੇ ਹਨ। ਉਹ ਮਾਣ*

*ਮਹਿਸੂਸ ਕਰਦੇ ਹਨ ਕਿ ਜੇਮਜ਼ ਜਿਉਂਦੇ ਜੀਅ ਹੀ ਨਹੀਂ, ਮਰ ਕੇ ਵੀ ਲੋਕਾਂ ਦੇ ਕੰਮ ਆਇਐ। ਉਨ੍ਹਾਂ ਦਾ ਭਾਵ ਉਸ ਹਲਫ਼ਨਾਮੇ ਤੋਂ ਹੈ ਜਿਹੜਾ ਜੇਮਜ਼ ਨੇ ਅੰਗ-ਦਾਨ ਕਰਨ ਲਈ ਦਿੱਤਾ ਹੋਇਆ ਸੀ...।"*[4]

ਇਸੇ ਤਰ੍ਹਾਂ 'ਸੜਕਾਂ' ਕਹਾਣੀ ਦਾ ਪਾਤਰ ਹੈਰੀਸਨ ਅਜੀਤ ਸਿੰਘ ਨਾਲ ਚੰਗੇ ਬਿਜਨਸ ਸਬੰਧਾਂ ਵਿਚ ਵਿਚਰਦਾ ਦਿਖਾਈ ਦਿੰਦਾ ਹੈ। ਜਿਨ੍ਹਾਂ ਨੇ 'ਹੁੰਦਲ ਐਂਡ ਹੈਰੀਸਨ' ਟਰਾਂਸਪੋਰਟ ਕੰਪਨੀ ਬਣਾਈ ਹੋਈ ਹੈ ਅਤੇ ਇਨ੍ਹਾਂ ਦਾ ਕਾਰੋਬਾਰ ਵੀ ਚੰਗਾ ਚਲ ਰਿਹਾ ਹੁੰਦਾ ਹੈ।

ਪਰਦੇਸਾਂ ਵਿਚ ਵੱਸਦੇ ਪੰਜਾਬੀ ਲੋਕਾਂ ਦੀ ਪਹਿਲੀ ਪੀੜ੍ਹੀ ਹੁਣ ਵੀ ਪੰਜਾਬੀ ਸਭਿਆਚਾਰਕ ਧਰਾਤਲ ਨਾਲ ਜੁੜੇ ਖਾਣ-ਪੀਣ ਨੂੰ ਪਸੰਦ ਕਰਦੀ ਹੈ ਜਦਕਿ ਅਗਲੀਆਂ ਪੀੜ੍ਹੀਆਂ ਬਾਹਰ ਦੇ ਖਾਣ ਪੀਣ ਨੂੰ ਤਰਜੀਹ ਦਿੰਦੀਆ ਹਨ।

*"ਸੁਖਜੀਤ ਕੌਰ ਸਮਝ ਗਈ ਸੀ ...ਸ਼ੈਰਨ ਚਾਹੁੰਦੀ ਸੀ ਕਿ ਉਸ ਅਤੇ ਰਾਜੂ ਵਾਂਗ ਸੱਸ ਸਹੁਰਾ ਵੀ ਕੰਮ 'ਤੇ ਜਾਂਦੇ-ਜਾਂਦੇ ਰਾਹ 'ਚੋਂ ਹੀ ਕਿਸੇ ਕੌਫੀ-ਸ਼ੌਪ ਤੋਂ ਸਨੈਕਸ ਤੇ ਕੌਫੀ ਵਗੈਰਾ ਫੜ ਲਿਆ ਕਰਨ ਤੇ ਇਸੇ ਤਰ੍ਹਾਂ ਹੀ ਲੰਚ ਵੀ ਕਿਤੇ ਬਾਹਰ ਹੀ ...।"*[5]

ਇਸਦੇ ਨਾਲ ਹੀ ਕਹਾਣੀ ਇਹ ਵੀ ਦਰਸਾਉਂਦੀ ਹੈ ਕਿ ਕਿਵੇਂ ਹਰ ਸਭਿਆਚਾਰ ਦੇ ਲੋਕਾਂ ਦਾ ਆਪਣਾ-ਆਪਣਾ ਘਰ ਸਜਾਉਣ ਦਾ ਤਰੀਕਾ ਹੈ ਜੇਕਰ ਆਪਣੇ ਤਰੀਕੇ ਨੂੰ ਪਾਸੇ ਕਰਕੇ ਦੂਸਰੇ ਦੇ ਤਰੀਕੇ ਨੂੰ ਮੋਹ ਭਰੀ ਨਜ਼ਰ ਨਾਲ ਵੇਖਿਆ ਜਾਵੇ ਤਾਂ ਦੂਸਰੇ ਵੀ ਉਸੇ ਕੰਮ ਨੂੰ ਆਪਣੇ ਕਲਚਰ ਦੇ ਅਨੁਸਾਰ ਚੰਗਾ ਕਰਨ ਦੀ ਸਮਰੱਥਾ ਰੱਖਦੇ ਹਨ। ਜੋ ਅਪਣਾਉਣਯੋਗ ਹੈ ਜਿਵੇਂ-

*"... ਜਦੋਂ ਸ਼ੇਰਨ ਉਨ੍ਹਾਂ ਦੇ ਘਰ ਨਵੀਂ-ਨਵੀਂ ਆਈ ਤਾਂ ਸੁਖਜੀਤ ਕੌਰ ਨੂੰ ਉਸਦੇ ਇਸ ਨਿੱਜ ਦੀ ਠੀਕ ਤਰ੍ਹਾਂ ਸਮਝ ਨਹੀਂ ਸੀ ਪਈ। ਉਸ ਵੱਲੋਂ ਲੀਵਿੰਗ-ਰੂਮ, ਫੈਮਿਲੀ-ਰੂਮ ਅਤੇ ਬੈੱਡ-ਰੂਮਾਂ ਦੀ ਕੀਤੀ ਸੈਟਿੰਗ ਨੂੰ ਦੇਖਦਿਆਂ ਸੁਖਜੀਤ ਕੌਰ ਨੇ ਮਹਿਸੂਸ ਕੀਤਾ ਕਿ ਇਹ ਐਵੇਂ ਉਸਦਾ ਭਰਮ ਸੀ ਕਿ ਉਸਦੇ ਸੁਪਨੇ ਅਧੂਰੇ ਰਹਿ ਗਏ ਸਨ। ਬਲਕਿ ਉਸਨੇ ਤਾਂ ਆਪਣੇ ਆਪ ਨੂੰ ਕੋਸਿਆ ਵੀ ਕਿ ਉਸ ਵਿਚੋਂ ਧੀਰਜ ਖਤਮ ਕਿਉਂ ਹੁੰਦਾ ਜਾ ਰਿਹਾ ਸੀ, "ਹੇ ਸ਼ੈਰਨ! ਤੇਰੀ ਰੀਸੈਟਿੰਗ ਮੈਨੂੰ ਚੰਗੀ ਲੱਗੀ ਏ।" ਹਥਲੇ ਕੰਮ ਨੂੰ ਜ਼ਰਾ ਕੁ ਰੋਕਦਿਆਂ ਉਸਨੇ ਕਿਹਾ ਸੀ।"*[6]

ਇਸ ਤਰ੍ਹਾਂ ਦੂਰ ਨੇੜੇ ਦੇ ਰਿਸ਼ਤਿਆਂ ਵਿਚੋਂ ਆਪਣੇਪਨ ਦੀਆਂ ਤੰਦਾਂ ਲੱਭੀਆਂ ਜਾ ਸਕਦੀਆਂ ਹਨ।

ਪਰਵਾਸੀ ਜੀਵਨ ਵਿਚ ਸਭਿਆਚਾਰਕ ਤਣਾਅ ਇਹ ਵੀ ਹੈ ਕਿ ਪੰਜਾਬੀ ਬੱਚੇ ਮਨਮਰਜੀ ਨਾਲ ਹੋਰ ਸਭਿਆਚਾਰ ਦੀਆਂ ਔਰਤਾਂ ਨਾਲ ਵਿਆਹ ਕਰਾ ਰਹੇ ਹਨ। ਇਸ ਦੀ ਮਿਸਾਲ ਕਹਾਣੀ ਗੁਆਚੇ ਲੋਕ, ਪਾਣੀ ਅਤੇ ਸੜਕਾਂ ਹਨ। ਅੰਤਰ ਨਸਲੀ ਵਿਆਹ ਦੀ ਇਸ ਸਥਿਤੀ ਕਰਕੇ ਹੀ ਪਰਵਾਸੀ ਲੋਕਾਂ ਵਿਚ ਸਾਂਝੇ ਪਰਿਵਾਰ ਟੁੱਟਣ ਦੇ ਵਰਤਾਰੇ ਨੇ ਜੋਰ ਫੜਿਆ ਹੈ। ਇਸ ਸਥਿਤੀ ਨੇ ਪਹਿਲੀ ਪੀੜ੍ਹੀ ਦੇ ਮਨ ਨੂੰ ਭਾਰੀ ਚੋਟ ਮਾਰੀ ਹੈ ਜਿਸ ਕਰਕੇ ਹੀ ਸ਼ਮਸ਼ੇਰ ਸਿੰਘ ਇਕੱਲਤਾ ਵਾਲਾ ਜੀਵਨ ਬਤੀਤ ਕਰਦਾ ਹੈ ਅਤੇ 'ਸੜਕਾਂ' ਕਹਾਣੀ ਦੇ ਪਾਤਰ ਨੂੰ ਆਪਣੀ ਮਿਹਨਤ ਨਾਲ ਬਣਾਈ ਟਰੱਕਾਂ ਦੀ ਜਾਇਦਾਦ ਵੰਡਣ ਲਈ ਮਜ਼ਬੂਰ ਹੋਣਾ ਪੈਂਦਾ ਹੈ। 'ਟਾਵਰਜ਼' ਕਹਾਣੀ ਸੰਗ੍ਰਹਿ ਵਿਚ ਲੇਖਕ ਨੇ ਮਾਨਵੀ ਕੀਮਤਾਂ ਵਿਚ ਆ ਰਹੀ ਗਿਰਾਵਟ ਨੂੰ ਕਈ ਪੱਖਾਂ ਤੋਂ ਚਿਤਰਿਆ ਹੈ ਜਿਸ ਵਿਚ ਗੁਰਦੁਆਰਿਆਂ ਦੇ ਆਗੂ ਵੀ ਸ਼ਾਮਲ ਹਨ ਜਿਹੜੇ ਗੁਰਦੁਆਰਿਆਂ ਦੇ ਫੰਡਾਂ ਵਿਚ ਠੱਗੀਆਂ ਕਰਨ ਤੋਂ ਵੀ ਨਹੀਂ ਝਿਜਕਦੇ। ਗੁਰਦੁਆਰੇ ਦਾ ਪ੍ਰਧਾਨ ਫੰਡਾਂ ਵਿਚ ਵੱਡੇ ਘਪਲੇ ਕਰਦਾ ਹੈ। ਜਿਸ ਨਾਲ ਧਾਰਮਿਕ ਪੱਖ ਤੋਂ ਵੀ ਨੈਤਿਕ ਕੀਮਤਾਂ ਛਿੱਕੇ 'ਤੇ ਟੰਗੀਆਂ ਨਜ਼ਰ ਆਉਂਦੀਆਂ ਹਨ। ਪੂੰਜੀ ਦੀ ਦੌੜ ਕਾਰਨ ਹੀ ਮਨਜਿੰਦਰ ਅਤੇ ਉਸਦੀ ਪਤਨੀ ਵੱਖ ਹੋ ਜਾਂਦੇ ਹਨ। ਆਪਣੀ ਇਸੇ ਈਗੋ ਕਰਕੇ ਹੀ ਉਨ੍ਹਾਂ ਵਿਚ ਆਪਸੀ ਅਣਬਣ ਹੁੰਦੀ ਹੈ ਅਤੇ ਉਹ ਆਪਣੇ ਬੱਚੇ ਲਈ ਵੀ ਸੁਲਾਹ ਕਰਨ ਨੂੰ ਰਾਜੀ ਨਹੀਂ ਹੁੰਦੇ ਸਗੋਂ ਕਾਰੋਬਾਰੀ ਕੰਪਨੀਆਂ ਨੂੰ ਆਪਣੇ ਹਿੱਸੇ ਵਿਚ ਲਿਆਉਣ ਲਈ ਕਈ ਹੱਥਕੰਡੇ ਵਰਤਦੇ ਹਨ। ਪੂੰਜੀ ਅਤੇ ਪਬਲੀਸਿਟੀ ਲਈ ਹੀ ਮਨਜਿੰਦਰ ਆਪਣੇ ਨੇੜਲੇ ਰਿਸ਼ਤਿਆਂ ਨੂੰ ਮਤਲਬ ਲਈ ਵਰਤਦੇ ਦਿਖਾਇਆ ਗਿਆ ਹੈ। ਲੋਕ ਦਿਖਾਵੇ ਦੀ ਪ੍ਰਵਿਰਤੀ ਦੇ ਅੰਤਰਗਤ ਹੀ ਐੱਮ. ਪੀ. ਖੜਨ ਕਾਰਨ ਸੁਹਿੰਦਰ ਸਿੰਘ ਆਪਣੇ ਪਿਤਾ ਨੂੰ ਘਰ ਲੈ ਕੇ ਆਉਣ ਦੀ ਇੱਛਾ ਜਾਹਰ ਕਰਦਾ ਹੈ।

*"ਮਨਜਿੰਦਰ ਭਾਜੀ ਦਾ ਐੱਮ. ਪੀ. ਬਣਨਾ ਸਾਡੇ ਲਈ ਹੀ ਨਹੀਂ, ਸਾਰੀ ਭਾਰਤੀ ਕਮਿਊਨਿਟੀ ਵਾਸਤੇ ਬੜੇ ਮਾਣ ਵਾਲੀ ਗੱਲ ਹੋਵੇਗੀ। ਤੁਸੀਂ ਭਾਜੀ ਦੇ ਘਰ ਜਾਣ ਲਈ ਮੰਨ ਜਾਉ। ਡੈਡੀ! ਡੈਡੀ! ਪਲੀਜ਼! ਤੁਹਾਡੇ ਉੱਥੇ ਰਹਿਣ ਨਾਲ ਭਾਜੀ ਦੀ ਪੋਜੀਸ਼ਨ ਹੋਰ ਵੀ ਸਟਰੌਂਗ ਹੋ ਜਾਵੇਗੀ। ਉਹ ਲੋਕਾਂ ਵਿਚ ਕਹਿ ਸਕਣਗੇ ਕਿ ਮੈਂ ਫੈਮਿਲੀ-ਵੈਲਯੂਜ਼ ਦਾ ਮੁਦਈ ਹਾਂ। ਮਾਪਿਆਂ ਦੀ ਸੇਵਾ ਕਰਦਾ, ਪੁੱਤ ਦੀ ਸਾਂਭ ਸੰਭਾਲ ਕਰ ਰਿਹਾਂ। ਸੈਂਡੀ ਨਾਲ ਵਿਗਾੜ ਦਾ ਕਾਰਨ ਵੀ ਉਹ ਇਹੀ ਦੱਸਣਗੇ ਪਈ ਉਹ ਫੈਮਿਲੀ-ਵੈਲਯੂਜ਼ ਨੂੰ ਨਕਾਰਦੀ ਹੈ।"*[7]

ਇਸੇ ਸੰਦਰਭ ਵਿਚ 'ਟਾਵਰਜ਼' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਇਸ ਗੱਲ ਦੀ ਗਵਾਹੀ ਵੀ ਭਰਦੀਆਂ ਹਨ ਕਿ ਵਿਦੇਸ਼ਾਂ ਵਿਚ ਪਰਵਾਸੀ ਬਜ਼ੁਰਗਾਂ ਨਾਲ ਆਪਣੇ ਸਕੇ ਰਿਸ਼ਤਿਆਂ ਵੱਲੋਂ ਵੀ ਬਹੁਤਾ ਚੰਗਾ ਵਰਤਾਅ ਨਹੀਂ ਕੀਤਾ

ਜਾ ਰਿਹਾ ਜਿਸ ਵਿਚ ਬੁਢਾਪੇ ਦੌਰਾਨ ਉਨ੍ਹਾਂ ਨੂੰ ਇਕੱਲਿਆਂ ਰਹਿਣ ਦਾ ਦਰਦ ਹੰਡਾਉਣਾ ਪੈਂਦਾ ਹੈ।

ਲੇਖਕ ਨੇ ਪਰਵਾਸੀ ਪੰਜਾਬੀ ਔਰਤ ਨੂੰ ਪਰੰਪਰਾ ਨਾਲ ਜੁੜੇ ਰਹਿਣ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ ਭਾਵੇਂ ਉਹ ਆਰਥਿਕਤਾ ਪੱਖੋਂ ਨਵੀਆਂ ਉਡਾਨਾਂ ਵੀ ਭਰ ਰਹੀ ਹੈ। ਇਸੇ ਤਰ੍ਹਾਂ ਪੰਜਾਬੀ ਸਭਿਆਚਾਰ, ਜਿਸ ਵਿਚ ਨੂੰਹ ਸੱਸ ਦਾ ਰਿਸ਼ਤਾ ਕੋਈ ਬਹੁਤਾ ਸੁਖਾਵਾ ਨਹੀਂ ਹੈ। ਅਜਿਹਾ ਵਰਤਾਓ ਹੀ 'ਪਾਣੀ' ਕਹਾਣੀ ਦੀ ਪਾਤਰ ਸੁਖਜੀਤ ਅਤੇ ਉਸਦੀ ਪੱਛਮੀ ਸਭਿਆਚਾਰ ਨਾਲ ਸਬੰਧਿਤ ਨੂੰਹ ਸ਼ੈਰਨ ਵਿਚ ਰੂਪਮਾਨ ਹੁੰਦਾ ਹੈ। ਲੇਖਕ ਨੇ ਅੰਤਰ-ਸਭਿਆਚਾਰਕ ਸਬੰਧਾਂ ਨੂੰ 'ਗੁਆਚੇ ਲੋਕ' ਅਤੇ 'ਸੜਕਾਂ' ਕਹਾਣੀ ਦੇ ਸੰਦਰਭ ਵਿਚ ਵੀ ਪੇਸ਼ ਕੀਤਾ ਹੈ ਜਿਸ ਵਿਚ ਦੋ ਅਲੱਗ ਸਭਿਆਚਾਰਾਂ ਦੇ ਲੋਕਾਂ ਵਿਚ ਆਪਣੇਪਣ ਦੇ ਰਿਸ਼ਤੇ ਨੂੰ ਪੇਸ਼ ਕੀਤਾ ਗਿਆ ਹੈ। ਸ਼ਮਸ਼ੇਰ ਨੂੰ ਜਦੋਂ ਪੂਰਾ ਪਰਿਵਾਰ ਛੱਡ ਜਾਂਦਾ ਹੈ ਤਾਂ ਉਹ ਇਕੱਲਾ ਰਹਿ ਜਾਣ ਕਰਕੇ ਸ਼ਰਾਬ ਜ਼ਿਆਦਾ ਪੀਣ ਲੱਗ ਪੈਂਦਾ ਹੈ ਜਿਸ ਕਰਕੇ ਉਸ ਦਾ ਲੀਵਰ ਖਰਾਬ ਹੋ ਜਾਂਦਾ ਹੈ। ਇਸ ਦੌਰਾਨ ਉਸਦੇ ਸੰਪਰਕ ਵਿਚ ਜੁਲੀ ਆਉਂਦੀ ਹੈ। ਦੋਹਾਂ ਦੀ ਨੇੜਤਾ ਵਧਦੀ ਜਾਂਦੀ ਹੈ। ਇਕ ਸਮੇਂ ਸ਼ਮਸ਼ੇਰ ਦਾ ਪਰਿਵਾਰ ਉਸ ਨੂੰ ਸ਼ਮਸ਼ੇਰ ਦੇ ਨਾਲ ਵੇਖ ਕੇ ਬਰਦਾਸ਼ਤ ਨਹੀਂ ਕਰਦੇ ਅਤੇ ਹਮੇਸ਼ਾਂ ਹੀ ਉਸ ਨਾਲੋਂ ਨਾਤਾ ਟੁੱਟ ਗਿਆ ਹੋਣ ਵਾਂਗ ਵਰਤਾਓ ਕਰਦੇ ਹਨ। ਦੂਸਰੇ ਪਾਸੇ ਜੁਲੀ ਸ਼ਮਸ਼ੇਰ ਨਾਲ ਆਪਣਾਪਨ ਹੋਣ ਕਰਕੇ ਉਸਦਾ ਖਿਆਲ ਰੱਖਦੀ ਹੈ ਅਤੇ ਉਸ ਲਈ ਲੀਵਰ ਦਾ ਪ੍ਰਬੰਧ ਹਸਪਤਾਲ ਵਿਚੋਂ ਕਰਨ ਵਿਚ ਮਦਦ ਕਰਦੀ ਹੈ।

> *"ਜੁਲੀ ਨੂੰ ਹੌਲੀਡੇਅਜ਼ ਤੋਂ ਪਰਤ ਕੇ ਸ਼ਮਸ਼ੇਰ ਦੀ ਬਿਮਾਰੀ ਬਾਰੇ ਪਤਾ ਲੱਗਾ ਤਾਂ ਉਹ ਦਿਲ ਫੜੀ ਦੌੜੀ ਆਈ। ਸ਼ਮਸ਼ੇਰ ਨੂੰ ਚੁੰਮਿਆਂ ... ਦਿਲਾਸਾ ਦਿੱਤਾ, "ਸ਼ੈਮ ਓਦਰੀਂ ਨਾ। ਆਪਾਂ ਟਰਾਂਸਪਲਾਂਟ ਲਈ ਵਾਹ ਲਾਵਾਂਗੇ। ਉਹ ਹਰ ਰੋਜ਼ ਫੋਨ 'ਤੇ ਉਸਦਾ ਹਾਲ ਪੁੱਛਦੀ। ਦੂਜੇ-ਚੌਥੇ ਕੋਲ਼ ਬਹਿ ਕੇ ਧੀਰਜ ਵੀ ਬੰਨ੍ਹਾ ਜਾਂਦੀ।"*[6]

ਇਸਦੇ ਨਾਲ ਹੀ ਜਦੋਂ ਵੀ ਨੌਜਵਾਨ ਪੀੜ੍ਹੀ ਨੇ ਆਪਣੇ ਸਭਿਆਚਾਰਕ ਦਾਇਰੇ ਤੋਂ ਪਾਰ ਜਾ ਕੇ ਅੰਗਰੇਜ਼ ਜਾਂ ਕਿਸੇ ਹੋਰ ਨਸਲ ਦੀ ਔਰਤ ਨਾਲ ਵਿਆਹ ਕਰਾਇਆ ਹੈ ਤਾਂ ਉਸ ਪ੍ਰਤੀ ਪਹਿਲੀ ਪੀੜ੍ਹੀ ਦਾ ਰਵੱਈਆ ਨਾਹਪੱਖੀ ਹੀ ਰਿਹਾ ਹੈ। ਭਾਵੇਂ ਕਿ ਨੌਜਵਾਨ ਪੀੜ੍ਹੀ ਦੇ ਬੱਚੇ ਇਸ ਨੂੰ ਖੁਸ਼ੀ-ਖੁਸ਼ੀ ਅਪਣਾ ਲੈਂਦੇ ਹਨ। ਇਸ ਪਿੱਛੇ ਪੰਜਾਬੀ ਸਭਿਆਚਾਰ ਦੇ ਜਾਤ ਬਾਹਰੀ ਵਿਆਹ ਸਬੰਧੀ ਕਾਰਜਸ਼ੀਲ ਟੈਬੂ ਦੀ ਝਲਕ ਦਿਖਾਈ ਦਿੰਦੀ ਹੈ ਜਿਸ ਵਿਚ ਭਾਵੇਂ ਨਵੀਂ ਪੀੜ੍ਹੀ ਦੁਆਰਾ ਇਹ ਟੈਬੂ ਤੋੜੇ ਜਾ ਰਹੇ ਹਨ ਪਰੰਤੂ ਪਹਿਲੀ ਪੀੜ੍ਹੀ ਇਸ ਨੂੰ ਬਰਦਾਸ਼ਤ ਨਹੀਂ ਕਰ ਰਹੀ। ਜਿਸ ਕਰਕੇ ਉਨ੍ਹਾਂ ਦੀ ਮਾਨਸਿਕਤਾ ਵਿਚ ਤਣਾਅ ਬਣਿਆ ਰਹਿੰਦਾ ਹੈ। ਇਸ ਪਿੱਛੇ ਵੱਡਾ ਕਾਰਨ ਸਭਿਆਚਾਰਕ ਅਵਚੇਤਨ ਵਿਚ ਪਈਆਂ ਪਿਤਾ ਪੁਰਖੀ ਕਦਰਾਂ-ਕੀਮਤਾਂ ਹਨ। ਜਿਨ੍ਹਾਂ ਨੂੰ ਮਨੁੱਖ ਸ਼ਾਇਦ ਚਾਹੁੰਦੇ ਹੋਏ ਵੀ ਤਿਆਗਣ ਲਈ ਰਾਜੀ ਨਹੀਂ ਹੁੰਦਾ।

ਸਭਿਆਚਾਰਕ ਰਿਸ਼ਤਿਆਂ ਦੇ ਧਰਾਤਲ ਦੀ ਭਿੰਨਤਾ ਨੂੰ ਕਹਾਣੀਕਾਰ 'ਬਰਫ਼ ਤੇ ਦਰਿਆ' ਕਹਾਣੀ ਦੇ ਪ੍ਰਸੰਗ ਵਿਚ ਵੀ ਪੇਸ਼ ਕਰਦਾ ਹੈ। ਕਹਾਣੀ ਅਨੁਸਾਰ ਵਿਦੇਸ਼ੀ ਸਮਾਜ ਅਤੇ ਕਾਨੂੰਨ ਕੁਆਰੀ ਲੜਕੀ ਦੇ ਮਾਂ ਬਣਨ ਨੂੰ ਉਨਾ ਮਾੜਾ ਨਹੀਂ ਮੰਨਦੇ ਅਤੇ ਨਾ ਹੀ ਔਰਤ ਨਾਲ ਨਫ਼ਰਤੀ ਵਿਵਹਾਰ ਹੀ ਕਰਦੇ ਹਨ ਸਗੋਂ ਵਿਦੇਸ਼ੀ ਸਰਕਾਰਾਂ ਵੀ ਅਜਿਹੀਆਂ ਮਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਰਹਿਣ ਲਈ ਥਾਂ ਅਤੇ ਹੋਰ ਵੀ ਸਹੂਲਤਾਂ ਪ੍ਰਦਾਨ ਕਰਦੀਆਂ ਹਨ। ਪਰੰਤੂ ਪੰਜਾਬੀ ਸਭਿਆਚਾਰ ਦੇ ਦਾਇਰੇ ਵਿਚ ਵਿਚਰਦੀ ਮਾਨਸਿਕਤਾ ਅਜਿਹੀ ਸਥਿਤੀ ਨੂੰ ਚੰਗਾ ਨਹੀਂ ਸਮਝਦੀ ਅਤੇ ਕਿਸੇ ਲੜਕੀ ਦੁਆਰਾ ਅਜਿਹਾ ਕੀਤਾ ਜਾਣਾ ਪੂਰੇ ਪਰਿਵਾਰ ਲਈ ਨਾਮੋਸ਼ੀ ਸਾਬਤ ਹੁੰਦਾ ਹੈ। ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਸ਼ਾਇਦ ਪੰਜਾਬੀ ਲੋਕ ਚੇਤਨਾ ਵਿਚ ਕੁਆਰੀ ਲੜਕੀ ਦੇ ਮਾਂ ਬਣਨ ਦੇ ਟੈਬੂ ਕਰਕੇ ਹੀ ਲੇਖਕ ਨੇ ਕਹਾਣੀ ਦੀ ਪਾਤਰ ਵੀ ਦੂਸਰੇ ਸਭਿਆਚਾਰ ਦੀ ਲੜਕੀ ਸੋਫੀਆ ਨੂੰ ਹੀ ਚੁਣਿਆ ਹੈ। ਇਸੇ ਤਰ੍ਹਾਂ ਲੜਕੀਆਂ ਦੁਆਰਾ ਨਸ਼ਾ ਕਰਨਾ, ਪਰਿਵਾਰ ਤੋਂ ਅਲੱਗ ਇਕੱਲਿਆਂ ਵਿਚਰਨਾ ਜਾਂ ਰਹਿਣਾ, ਇਕ ਮਰਦ ਨੂੰ ਛੱਡ ਕੇ ਦੂਸਰੇ ਨਾਲ ਰਿਸ਼ਤਾ ਜੋੜਨਾ ਆਦਿ ਪਹਿਲੂ ਵੀ ਪੰਜਾਬੀ ਸਮਾਜ ਸਭਿਆਚਾਰਚ ਦੇ ਰਿਸ਼ਤਿਆਂ ਸਬੰਧੀ ਦਾਇਰੇ ਨਾਲ ਮੇਲ ਨਹੀਂ ਖਾਦੇ। ਪਰੰਤੂ ਨਾਲ ਹੀ ਸਮਝਣ ਦੀ ਗੱਲ ਇਹ ਵੀ ਹੈ ਕਿ ਜੇਕਰ ਪਾਤਰ ਪੰਜਾਬੀ ਨਹੀਂ ਹਨ ਅਤੇ ਨਾ ਹੀ ਪੰਜਾਬੀ ਸਮਾਜ ਸਭਿਆਚਾਰ ਵਿਚ ਅਜਿਹੇ ਵਰਤਾਰੇ ਨੂੰ ਮਨਜ਼ੂਰੀ ਪ੍ਰਾਪਤ ਹੈ ਤਾਂ ਫਿਰ ਪੰਜਾਬੀ ਵਿਚ ਅਜਿਹੀ ਕਹਾਣੀ ਦੇ ਲਿਖੇ ਜਾਣ ਦਾ ਕੀ ਮਕਸਦ ਹੈ? ਮੇਰੀ ਜਾਂਚੇ ਚਾਹੇ ਲੇਖਕ ਨੇ ਸਿੱਧੇ ਰੂਪ ਵਿਚ ਇਸ ਕਹਾਣੀ ਵਿਚ ਪੰਜਾਬੀ ਪਾਤਰਾਂ ਨਹੀਂ ਲਏ ਪਰੰਤੂ ਕੁਝ ਕੁ ਪੱਖਾਂ ਤੋਂ ਅਜਿਹਾ ਵਰਤਾਰਾ ਵਿਦੇਸ਼ਾਂ ਵਿਚ ਪੰਜਾਬੀ ਪਾਤਰਾਂ ਨਾਲ ਵੀ ਵਾਪਰਦਾ ਹੋ ਸਕਦਾ ਹੈ ਜਿਹੜਾ ਪੰਜਾਬੀ ਮਾਨਿਸਕਤਾ ਵਿਚ ਬਦਲਾਅ ਦਾ ਸੂਚਕ ਹੈ।

ਸਮਕਾਲੀ ਦੌਰ ਵਿਚ ਔਰਤਾਂ ਦੁਆਰਾ ਨਸ਼ੇ ਦਾ ਸੇਵਨ ਕਰਨਾ ਅਤੇ ਨਸ਼ਾ ਤਸਕਰੀ ਵਰਗੇ ਧੰਦਿਆਂ ਵਿਚ ਪੈਣ ਜਿਹਾ ਵਰਤਾਰਾ ਪੰਜਾਬੀ ਸਮਾਜ ਸਭਿਆਚਾਰ ਵਿਚ ਵੀ ਵੇਖਿਆ ਜਾ ਸਕਦਾ ਹੈ। ਵੱਡੇ ਸ਼ਹਿਰਾਂ ਵਿਚ ਪੱਬਾਂ ਕਲੱਬਾਂ ਦਾ ਖੁੱਲ੍ਹਣਾ ਪੰਜਾਬੀ ਸਭਿਆਚਾਰ ਵਿਚ ਆ ਰਹੇ ਅਜਿਹੇ ਪਰਿਵਰਤਨਾਂ ਵੱਲ ਇਸ਼ਾਰਾ ਕਰਦਾ ਹੈ। ਇਸ ਤਰ੍ਹਾਂ ਜਰਨੈਲ ਸਿੰਘ ਸਿੱਧੇ

ਅਸਿੱਧੇ ਢੰਗ ਨਾਲ ਪੰਜਾਬੀ ਸਮਾਜ ਸਭਿਆਚਾਰ ਅਤੇ ਮਾਨਵੀਂ ਰਿਸ਼ਤਿਆਂ ਵਿਚ ਆ ਰਹੀਆਂ ਤਬਦੀਲੀਆਂ ਨੂੰ ਸਿਰਫ਼ ਵਿਦੇਸ਼ੀ ਜੀਵਨ ਸੰਦਰਭ ਦੇ ਪ੍ਰਸੰਗ ਵਿਚ ਹੀ ਨਹੀਂ ਚਿਤਰਦਾ ਸਗੋਂ ਭਾਰਤੀ ਪੰਜਾਬੀ ਪ੍ਰਸੰਗ ਵਿਚ ਵੀ ਪੇਸ਼ ਕਰਦਾ ਹੈ। ਇੱਥੇ ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਲੇਖਕ ਵਿਦੇਸ਼ੀ ਸੋਚ, ਸੁਭਾਅ ਅਤੇ ਮਾਨਵੀ ਹਮਦਰਦੀ ਦੀ ਦਾਸਤਾਨ ਵੀ 'ਗੁਆਚੇ ਲੋਕ' ਅਤੇ 'ਸੜਕਾਂ' ਕਹਾਣੀਆਂ ਦੇ ਸੰਦਰਭ ਵਿਚ ਪੇਸ਼ ਕਰਦਾ ਹੈ ਕਿ ਕਿਵੇਂ ਕੁਝ ਗੈਰ ਸਭਿਆਚਾਰਕ ਲੋਕਾਂ ਦੀ ਸੋਚ ਕਿਸੇ ਦਾ ਭਲਾ ਕਰਨ ਲਈ ਸਦਾ ਤਤਪਰ ਰਹਿੰਦੀ ਹੈ। ਜਿਵੇਂ ਜੇਮਜ਼ ਵਰਗੇ ਇਨਸਾਨ ਆਪਣੀ ਮੌਤ ਉਪਰੰਤ ਆਪਣੇ ਅੰਗ ਦਾਨ ਕਰਕੇ ਸ਼ਮਸ਼ੇਰ ਸਿੰਘ ਵਰਗੇ ਵਿਅਕਤੀ ਨੂੰ ਜੀਵਨ ਦਾਨ ਦਿੰਦੇ ਹਨ।

'ਸੜਕਾਂ' ਕਹਾਣੀ ਵਿਚਲਾ ਹੈਰੀਸਨ ਵੀ ਅਜੀਤ ਨਾਲ ਚੰਗੀ ਭਾਈਵਾਲੀ ਨਿਭਾਉਂਦਾ ਹੈ। ਇਹ ਕਹਾਣੀਆਂ ਉਸਾਰੂ ਮਾਨਸਿਕਤਾ ਦੇ ਰਵੱਈਏ ਨੂੰ ਪੇਸ਼ ਕਰਦੀਆਂ ਹਨ ਜਿਸ ਵਿਚ ਨਸਲ, ਜਾਤ ਅਤੇ ਧਰਮ ਤੋਂ ਉੱਪਰ ਇਨਸਾਨੀਅਤ ਦੇ ਰਿਸ਼ਤੇ ਨੂੰ ਮੰਨਿਆ ਗਿਆ ਹੈ। ਦੂਸਰੇ ਪਾਸੇ ਪੰਜਾਬੀ ਮਾਨਸਿਕਤਾ ਵਿਚ ਪਈ ਸ਼ਰੀਕੇ ਭਾਈਚਾਰੇ ਵਿਚ ਆਪਣੇ ਹੀ ਰਿਸ਼ਤਿਆਂ ਨੂੰ ਨੀਵਾਂ ਦਿਖਾਉਣ ਦੀ ਪ੍ਰਵਿਰਤੀ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਭਰਾਤਰੀ ਭਾਵ ਦੇ ਇਸ ਪ੍ਰਸੰਗ ਨੂੰ ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਪੀੜ੍ਹੀ ਪਾੜੇ ਦੇ ਪ੍ਰਸੰਗ ਵਿਚ 'ਪਾਣੀ' ਕਹਾਣੀ ਦੇ ਸੰਦਰਭ ਵਿਚ ਵੀ ਚਿਤਰਿਆ ਗਿਆ ਹੈ। ਜਿਸ ਵਿਚ ਜਿੱਥੇ ਸੁਖਜੀਤ ਦਾ ਚਾਚਾ ਖੁਦ ਆਪਣੀ ਭਤੀਜੀ ਨੂੰ ਬੁਲਾ ਕੇ ਉਸਦੇ ਪਿਤਾ ਦੀ ਜਾਇਦਾਦ ਉਸਦੇ ਨਾਂ ਕਰਵਾ ਦਿੰਦਾ ਹੈ ਅਤੇ ਹਰ ਸਾਲ ਠੇਕਾ ਵੀ ਸਮੇਂ ਸਿਰ ਦੇ ਦਿੰਦਾ ਹੈ ਕਿਉਂਕਿ ਉਸਦੇ ਮਨ ਵਿਚ ਭਰਾ ਦੇ ਭਰਾ ਅਤੇ ਭਰਾ ਦੀ ਔਲਾਦ ਦੇ ਰਿਸ਼ਤਿਆਂ ਪ੍ਰਤੀ ਆਦਰ ਮਾਣ ਅਤੇ ਜ਼ਿੰਮੇਵਾਰੀ ਦੀ ਭਾਵਨਾ ਸ਼ਾਮਲ ਹੈ। ਪਰੰਤੂ ਇਹ ਵਰਤਾਰਾ ਅਗਲੀਆਂ ਭੂਪੀ ਵਰਗੇ ਪਾਤਰਾਂ ਦੀਆਂ ਪੀੜ੍ਹੀਆਂ ਵਿਚੋਂ ਪੂਰੀ ਤਰ੍ਹਾਂ ਖਾਰਜ ਹੁੰਦਾ ਜਾ ਰਿਹਾ ਹੈ। ਲੇਖਕ ਦੱਸਣਾ ਚਾਹੁੰਦਾ ਹੈ ਕਿ ਮਨੁੱਖ ਦਾ ਇਕ ਪਾਸੜ ਹੋ ਕੇ ਨਹੀਂ ਸਰਨਾ। ਇਸ ਤਬਦੀਲੀ ਅਤੇ ਵਿਸ਼ਵੀਕਰਨ ਦੇ ਜਮਾਨੇ ਵਿਚ ਜੇਕਰ ਆਪਣੇ ਆਪ ਨੂੰ ਅੱਗੇ ਲੈ ਕੇ ਜਾਣਾ ਹੈ ਤਾਂ ਕੁਝ ਤਬਦੀਲੀਆਂ ਨੂੰ ਵੀ ਸਵੀਕਾਰ ਕਰਨਾ ਪਵੇਗਾ ਪਰੰਤੂ ਨਾਲ ਹੀ ਸਦਾਚਾਰਕ ਕੀਮਤਾਂ ਅਤੇ ਮਾਨਵਤਾ ਦੇ ਰਵੱਈਏ ਨੂੰ ਪਾਸੇ ਕਰਕੇ ਕੀਤੀ ਤਰੱਕੀ ਨੂੰ ਵੀ ਉਸਾਰੂ ਨਹੀਂ ਮੰਨਿਆ ਜਾ ਸਕਦਾ।

ਆਰਥਿਕਤਾ ਮਨੁੱਖੀ ਜੀਵਨ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ। ਰਿਸ਼ਤਿਆਂ ਵਿਚਲੇ ਆਪਣੇਪਨ ਅਤੇ ਬੇਗਾਨੇਪਨ ਵਿਚ ਵੀ ਇਸ ਦਾ ਅਹਿਮ ਰੋਲ ਹੈ। ਜਦੋਂ ਕੋਈ ਮਨੁੱਖ ਸੱਚੇ ਮਨ ਨਾਲ ਕਿਰਤ ਕਰਦਾ ਹੈ ਤਾਂ ਕੁਦਰਤ ਵੀ ਉਸਨੂੰ ਅਜੀਤ ਸਿੰਘ ਵਾਂਗ ਬੁਲੰਦੀਆਂ ਵੱਲ ਲੈ ਜਾਂਦੀ ਹੈ। ਨਾਲ ਹੀ ਇਕ ਸਹਿਣਸ਼ੀਲ, ਮਿਹਨਤੀ ਅਤੇ ਉਸਾਰੂ ਸੋਚ ਦਾ ਮਾਲਕ ਵਿਅਕਤੀ ਕਿਸੇ ਵੀ ਸਮਾਜ ਤੇ ਸਭਿਆਚਾਰ ਵਿਚ ਰਹਿ ਕੇ ਤਰੱਕੀ ਕਰ ਸਕਦਾ ਹੈ ਅਤੇ ਕਿਸੇ ਅੰਤਰ ਸਭਿਆਚਾਰਕ ਮਾਨਵੀਂ ਰਿਸ਼ਤਿਆਂ ਦੀ ਸਾਂਝ ਨੂੰ ਵੀ ਗੂੜਾ ਕੀਤਾ ਜਾ ਸਕਦਾ ਹੈ। ਸੜਕਾਂ ਕਾਹਣੀ 'ਸੜਕ' ਦੇ ਮੈਟਾਫ਼ਰ ਨਾਲ ਦੋ ਸੰਸਕ੍ਰਿਤੀਆਂ ਦੇ ਲੋਕਾਂ ਨੂੰ ਆਪਸੀ ਪਿਆਰ, ਅਪਣੱਤ ਅਤੇ ਕਿਰਤ ਦੇ ਪੱਖ ਤੋਂ ਵੀ ਜੋੜਦੀ ਨਜ਼ਰ ਆਉਂਦੀ ਹੈ। ਸਭਿਆਚਾਰਕ ਧਰਾਤਲੀ ਪੱਖ ਤੋਂ ਇਹ ਨੁੱਕਤਾ ਪ੍ਰਮੁੱਖ ਹੈ ਕਿ ਵਿਦੇਸ਼ੀ ਧਰਤੀਆਂ 'ਤੇ ਵੱਸਦੇ ਲੋਕ ਮਿਹਨਤ ਕਰਕੇ ਆਰਥਿਕ ਪੱਖੋ ਮਜ਼ਬੂਤ ਹੋ ਰਹੇ ਹਨ ਜਿਸ ਨਾਲ ਨਸਲੀ ਵਿਤਕਰੇ ਕੁਝ ਹੱਦ ਤਕ ਖ਼ਤਮ ਹੁੰਦੇ ਜਾ ਰਹੇ ਹਨ। ਇਹੀ ਵਰਤਾਰਾ ਪੰਜਾਬੀ ਸਮਾਜ ਸਭਿਆਚਾਰ ਵਿਚ ਵੀ ਵੇਖਿਆ ਜਾ ਸਕਦਾ ਹੈ ਜਿੱਥੇ ਪਹਿਲਾਂ ਸਿਰਫ਼ ਕਿੱਤੇ, ਜਾਤ ਅਤੇ ਧਰਮ ਨਾਲ ਮਨੁੱਖੀ ਪਛਾਣ ਜੋੜੀ ਜਾਂਦੀ ਸੀ ਉੱਥੇ ਪੂੰਜੀਵਾਦ ਦੇ ਇਸ ਦੌਰ ਵਿਚ ਆਰਥਿਕ ਸਥਿਤੀ ਨੂੰ ਮਨੁੱਖੀ ਪਛਾਣ ਦਾ ਆਧਾਰ ਮੰਨਿਆ ਜਾਣ ਲੱਗ ਪਿਆ ਹੈ। ਚੰਗੀ ਆਰਥਿਕਤਾ ਵਾਲੇ ਵਿਅਕਤੀ ਦੀ ਨਸਲ, ਜਾਤ ਜਾਂ ਧਰਮ ਉਨੀ ਅਹਿਮੀਅਤ ਨਹੀਂ ਰੱਖਦਾ। ਕਿਉਂਕਿ ਹੁਣ ਨਵੀਂ ਪੀੜ੍ਹੀ ਜਾਤ, ਨਸਲ ਅਤੇ ਧਰਮ ਦੇ ਪੱਖਾਂ ਨੂੰ ਬਹੁਤੀ ਤਵੱਕੋਂ ਨਹੀਂ ਦਿੰਦੀ। ਇਸ ਪੱਖ ਤੋਂ 'ਟਾਵਰਜ਼' ਕਹਾਣੀ ਸੰਗ੍ਰਹਿ ਦੀਆ ਕਹਾਣੀਆ ਨਸਲੀ ਵਿਤਕਰੇ ਨੂੰ ਤਿਆਗ ਕੇ ਇਨਸਾਨੀਅਤ ਦੇ ਪੱਖ ਨੂੰ ਅਪਣਾਉਣ ਦੀ ਹਾਮੀ ਭਰਦੀਆਂ ਦਿਖਾਈ ਦਿੰਦੀਆਂ ਹਨ ਤਾਂ ਜੋ ਮਾਨਵੀ ਰਿਸ਼ਤਿਆਂ ਦੀਆਂ ਤੰਦਾਂ ਹੋਰ ਪੀਡੀਆਂ ਹੋ ਸਕਣ ਅਤੇ ਆਪਸੀ ਨਫ਼ਰਤ ਦਾ ਪਾੜਾ ਘੱਟ ਹੋ ਸਕੇ। ਇਸ ਤਰ੍ਹਾਂ ਟਾਵਰਜ਼ ਕਹਾਣੀ ਸੰਗ੍ਰਹਿ ਮਨੁੱਖ ਦੀਆਂ ਬਦਲਦੀਆ ਜੀਵਨ ਪ੍ਰਸਥਿਤੀਆਂ ਦਾ ਦਾਸਤਾਵੇਜ਼ ਹੈ।

ਪਰਵਾਸੀ ਜੀਵਨ ਤਹਿਤ ਆਰਥਿਕ ਜੀਵਨ ਸਥਿਤੀ ਵਿਚ ਆਏ ਪਰਿਵਤਰਨਾਂ ਨੇ ਪੰਜਾਬੀ ਲੋਕ ਮਨ ਵਿਚੋਂ ਜਾਤ-ਪਾਤ, ਧਰਮ ਅਤੇ ਸਭਿਆਚਾਰਕ ਮਰਿਆਦਾ ਦੇ ਵਿਭਿੰਨ ਪਹਿਲੂਆਂ ਵਿਚ ਫਰਕ ਲੈ ਆਦਾ ਹੈ। ਪਰਵਾਸੀ ਜੀਵਨ ਧਰਾਤਲ ਵਿਚ ਭੂ-ਹੇਰਵੇ, ਪੀੜ੍ਹੀ ਪਾੜੇ, ਨਸਲਵਾਦ. ਆਰਥਿਕ ਜੱਦੋ ਜਹਿਦ ਅਤੇ ਰਾਜਸੀ ਮਸਲਿਆਂ ਦੀ ਸਮੱਸਿਆ ਨਾਲ ਸਭਿਆਚਾਰਕ ਟਕਰਾਅ ਵਧਿਆ ਹੈ। ਜਿਸ ਨਾਲ ਰਿਸ਼ਤਿਆਂ ਵਿਚਲੇ ਆਪਣੇਪਨ ਦੇ ਸਮੀਕਰਨ ਵੀ ਬਦਲੇ ਹਨ। ਮਨਾਵੀਂ ਰਿਸ਼ਤਿਆਂ ਦੇ ਇਸ ਵਰਤਾਰੇ ਨੂੰ ਲੇਖਕ ਨੇ ਬਹੁਤ ਢੁਕਵੇਂ ਅਤੇ ਯਥਾਰਥਕ ਵੇਰਵਿਆਂ ਨਾਲ ਪੇਸ਼ ਕੀਤਾ ਹੈ। ਜਿਸ ਵਿਚ ਵਰਤਮਾਨ ਪੂੰਜੀਵਾਦ ਦੀ ਦੌੜ ਵਿਚ ਮੋਹ ਮੁਹੱਬਤ ਅਤੇ ਗੂੜ੍ਹੀ ਅਪਣੱਤ ਵਾਲੇ ਖ਼ੂਨ ਨਾਲ ਜੁੜੇ ਰਿਸ਼ਤੇ ਵੀ ਖੇਰੂੰ-ਖੇਰੂੰ ਹੁੰਦੇ ਨਜ਼ਰ ਆਉਂਦੇ ਹਨ। ਕਹਾਣੀ ਸੰਗ੍ਰਹਿ ਦੇ ਅਧਿਐਨ ਤੋਂ ਧਰਤੀ ਹੇਠਲੇ ਪਾਣੀ ਦੇ ਮੁੱਕਣ

ਦੇ ਖਦਸ਼ੇ ਵਾਂਗ ਮਨੁੱਖਾਂ ਵਿਚ ਆਪਣੇ ਰਿਸ਼ਤੇ-ਨਾਤਿਆਂ ਪ੍ਰਤੀ ਮੋਹ ਦੀਆਂ ਤੰਦਾਂ ਦੇ ਖ਼ਤਮ ਹੋਣ ਦਾ ਬਿੰਬ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਨਾਲ ਹੀ ਆਰਥਿਕ ਪਹਿਲੂਆਂ ਨਾਲ ਜੁੜੇ ਕੁਝ ਨਵੇਂ ਸਮਾਜਿਕ ਰਿਸ਼ਤੇ ਵੀ ਹੋਂਦ ਵਿਚ ਆ ਰਹੇ ਹਨ। ਇਸ ਤਰ੍ਹਾਂ ਜਰਨੈਲ ਸਿੰਘ ਨਿਰੰਤਰ ਖੁਰ ਰਹੇ ਅਤੇ ਨਵੇਂ ਬਣ ਰਹੇ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਹਿਲੂਆਂ ਨੂੰ ਕਹਾਣੀਆਂ ਦੇ ਮਾਧਿਅਮ ਰਾਹੀਂ ਬਹੁਤ ਕਲਾਤਮਕ ਢੰਗ ਨਾਲ ਰੂਪਮਾਨ ਕਰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. ਜਰਨੈਲ ਸਿੰਘ, ਟਾਵਰਜ਼, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2005, ਪੰਨਾ: 114
2. ਉਹੀ, ਪੰਨਾ: 57-58
3. ਉਹੀ, ਪੰਨਾ: 85-86
4. ਉਹੀ, ਪੰਨਾ: 87
5. ਉਹੀ, ਪੰਨਾ: 52
6. ਉਹੀ, ਪੰਨਾ: 51
7. ਉਹੀ, ਪੰਨਾ: 85



***Cite this Article-***

*ਡਾ. ਮਨਜੀਤ ਕੌਰ (Dr. Manjeet Kaur), ਸਭਿਆਚਾਰਕ ਧਰਾਤਲ 'ਚੋਂ ਖੁਰ ਰਹੇ ਮਾਨਵੀਂ ਰਿਸ਼ਤਿਆਂ ਦੀ ਪੇਸ਼ਕਾਰੀ ਦਾ ਬਿਰਤਾਂਤ 'ਟਾਵਰਜ਼' (SABHIACHRAK DHRATAL 'CHON KHUR RAHE MANVI RISHTYAN DI PESHKARI DA BIRTANAT 'TOWERS'), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 110-116.*

***Journal URL:*** [www.armaan.org.in](www.armaan.org.in)

***DOI:*** *https://doi.org/10.64119/armaan.vol.3.issue2.19*



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).*